Punjab Government Gazette

EXTRAORDINARY

Published by Authority

CHANDIGARH, WEDNESDAY, DECEMBER 31, 2025 (PAUSA 10, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 31 ਦਸੰਬਰ, 2025

ਨੰਬਰ: 04/31/ਹਲਕਾਬੰਦੀ(ਸ-1)/ਮਚਸ਼/2025/383.-ਅਧਿਸੂਚਨਾ ਨੰ: 04/31/ਹਲਕਾਬੰਦੀ(ਸ-1)ਮਚਸ਼/205/190 ਮਿਤੀ: 11-12-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪਰਸੰਨਤਾ ਪੂਰਵਕ ਨਗਰ ਕੌਂਸਲ, ਬਨੂੰੜ ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

ਨਿਯਮ

ਨਗਰ ਕੌਂਸਲ ਬਨੂੰੜ, ਜਿਲ੍ਹਾ ਐਸ. ਏ. ਐਸ. ਨਗਰ ਮੋਹਾਲੀ ਦੇ ਨਗਰ ਕੌਂਸਲ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 09 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਕੌਂਸਲ ਬਨੂੰੜ (ਜਿਲ੍ਹਾ ਐਸ.ਏ.ਐਸ.ਨਗਰ, ਮੋਹਾਲੀ) ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰਬਰ 1 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਉਤਰੀ ਹੱਦ ਅਤੇ ਪੂਰਵੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਪੂਰਵੀ ਹੱਦ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਪੰਡਤ ਬਸੀ ਇਸੇ ਕਾਨ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਜੀਕਰਪੁਰ-ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਾਡਰਾਂ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੁਰਾਣੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣ ਪੱਛਮੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਲਾਂਡਰਾਂ ਰੋਡ ਨੂੰ ਪਾਰ ਕਰਦੇ ਹੋਏ ਨਗਰ ਕੌਂਸਲ ਦੀ ਉਤਰੀ ਹੱਦ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 02 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਗਲੀ ਬਾਜੀਗਰ ਬਸਤੀ ਤੇ ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਦੇ ਹੋਏ ਪੂਰਬੀ ਹੱਦ ਨਾਲ ਚਲਦੇ ਹੋਏ ਨਾਲ ਚੱਲਦੇ ਹੋਏ ਰਾਜੋਮਾਜਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਤੇਪਲਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੋਹਲਾ ਇਮਲੀ ਵਾਲਾ ਗਲੀ ਤੀਕ; ਉਕਤ ਮੋਹਲੇ ਨਾਲ ਚੱਲਦੇ ਹੋਏ ਬੰਦ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਬੈਰਿਅਰ ਚੌਕ ਨੂੰ ਪਾਸ ਕਰਦੇ ਹੋਏ ਜੀਕਰਪੁਰ-ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਪੰਡਿਤ ਈਸੇ ਖਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਬਾਜੀਗਰ ਬਸਤੀ ਤੇ ਨਗਰ ਕੌਂਸਲ ਦੀ ਪੂਰਵੀ ਹੱਦ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 03 (ਅਨੁਸੂਚਿਤ ਜਾਤੀ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਤੇਪਲਾ ਰੋਡ ਮੁਹੱਲਾ ਰਾਜੋਮਾਜਰਾ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰਭ ਕਰਦੇ ਹੋਏ ਰਾਜੋਮਾਜਰਾ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਧਰਮਗੜ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਤੇ ਪਲਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮੁਹੱਲਾ ਕੁਚਬੰਦੀ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਖਟੀਕਾਬਾਲਾ ਤੀਕ; ਉਕਤ ਮਹਲਾ ਨਾਲ ਚੱਲਦੇ ਹੋਏ ਜਟਾਂ ਵਾਲਾ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਖੰਟਾ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਟੈਲੀਫੋਨ ਐਕਸਚੇਂਜ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਗਲੀ ਛਿੰਬਿਆ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਟੈਲਿਫੋਨ ਐਕਚੇਂਜ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੋਹਲੱਾ ਤਰਖਾਣਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੋਹੱਲਾ ਆਲੁਵਾਲਿਆ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਸੈਣੀਆ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਇਮਲੀ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਬੰਦ ਗਲੀ ਤੀਕ; ਉਕਤ ਬੰਦ ਗਲੀ ਨਾਲ ਚੱਲਦੇ ਹੋਏ ਮੁਹੱਲਾ ਇਮਲੀ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਤੇਪਲਾ ਰੋਡ ਮੁਹੱਲਾ ਰਾਜੋਮਾਜਰਾ ਰੋਡ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 04

ਗਲੀ ਮੁਹੱਲਾ ਸੈਣੀਆਵਾਲਾ ਤੇ ਮੁਹੱਲਾ ਆਲੁਵਾਲਿਆ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਦੇ ਹੋਏ ਮੁਹੱਲਾ ਆਲੁਵਾਲਿਆ ਦੇ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਤਰਖਾਣਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਛਿੰਬਿਆਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਟੈਲੀਫੋਨ ਐਕਸਚੇਂਜ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਛਿੰਬਿਆਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਘੁਮਿਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮੁਹੱਲਾ ਤਰਖਾਣਾ ਵਾਲਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਸੁਨਿਆਰਾਵਾਲਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਘੁਮਿਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਓਲਡ ਬੇਬੀ ਸਕੂਲ ਤੀਕ; ਉਕਤ ਗਲੀ ਸਕੂਲ ਨਾਲ ਚੱਲਦੇ ਹੋਏ ਮੁਹੱਲਾ ਜੈਨੀਆਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਸੈਣੀਆਵਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੋਹੱਲਾ ਸੈਣੀਆਵਾਲਾ ਤੇ ਮੁਹੱਲਾ ਆਲੁਵਾਲਿਆ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 05 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਮੁਹੱਲਾ ਇਮਲੀਵਾਲਾ ਅਤੇ ਜੈਨੀਆ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਗਲੀ ਮੁਹੱਲਾ ਜੈਨੀਆ ਨਾਲ ਚਣਦੇ ਹੋਏ ਓਲਡ ਬੇਬੀ ਸਕੂਲ ਤੀਕ; ਉਕਤ ਗਲੀ ਸਕੂਲ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਘੁਮਿਆਰਾਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਸੁਨਿਆਰਾਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮੋਹੱਲਾ ਇਮਲੀਵਾਲਾ ਅਤੇ ਜੈਨੀਆ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 06

ਗਲੀ ਮੁਹੱਲਾ ਸੁਨਿਆਰਾ ਵਾਲਾ ਅਤੇ ਗਲੀ ਸੁਨਿਆਰਾ ਵਾਲਾ ਦੇ ਮਿਲਣ ਦੇ ਅਸਥਾਨ ਤੋਂ ਆਰਭ ਕਰਕੇ ਗਲੀ ਸੁਨਿਆਰਾਵਾਲਾ ਤੋਂ ਆਰਭ ਕਰਕੇ ਮਹੱਲਾ ਤਰਖਾਣਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਘੁਮਿਆਰਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਕੌਥਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਮੁਹੱਲਾ ਕੰਬੋਜ਼ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਮੁਹੱਲਾ ਜਟਾਂ ਵਾਲਾ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਮੁਹੱਲਾ ਜਟਾਂਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਗਲੀ ਮੁਹੱਲਾ ਜਟਾਂ ਵਾਲਾ ਤੀਕ; ਉਕਤ ਮੁਹੱਲਾ ਜਟਾਂ ਵਾਲਾ ਨਾਲ ਚੱਲਦੇ ਹੋਏ ਚੌਂਕ ਮੁਹੱਲਾ ਜਟਾਂਵਾਲਾ ਤੀਕ; ਉਕਤ ਚੌਂਕ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਗੁਰੂਦਵਾਰਾ ਬਾਬਾ ਬੰਦਾ ਬਹਾਦਰ ਜੀ ਤੀਕ; ਉਕਤ ਗੁਰੂਦਵਾਰਾ ਸਾਹਿਬ ਨਾਲ ਚੱਲਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮੁਹੱਲਾ ਸੁਨਿਆਰਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਗਲੀ ਮੁਹੱਲਾ ਤਰਖਾਣਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਸੁਨਿਆਰਾ ਵਾਲਾ ਅਤੇ ਗਲੀ ਸੁਨਿਆਰਾ ਵਾਲਾ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 07 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਮੁਹੱਲਾ ਕੁਚਬੰਦੇ ਅਤੇ ਤੇਪਲਾ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰਭ ਕਰਦੇ ਹੋਏ ਤੇਪਲਾ ਰੋਡ ਨਾਲ ਚੱਲਦੇ ਹੋਏ ਧਰਮਗੜ੍ਹ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਨਵੀਂ ਪੂਰਬੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਅਤੇ ਤੇਪਲਾ ਰੋਡ ਨੂੰ ਪਾਰ ਕਰਦੇ ਹੋਏ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਅਤੇ ਬੂਟਾ ਸਿੰਘ ਵਾਲਾ ਰੋਡ ਪਾਰ ਕਰਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮੁਹੱਲਾ ਪੀਰਬਾਬਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਗਲੀ ਗੋਇਲ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਬੰਦਾ ਬਹਾਦਰ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਬੰਦਾ ਬਹਾਦਰ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਗੁਰਦਵਾਰਾ ਬਾਬਾ ਬੰਦਾ ਬਹਾਦਰ ਸਾਹਿਬ ਤੀਕ; ਉਕਤ ਗੁਰਦਵਾਰਾ ਵਾਲੀ ਗਲੀ ਨਾਲ ਚੱਲਦੇ ਹੋਏ ਮੁਹੱਲਾ ਜੱਟਾ ਵਾਲਾ ਚੌਂਕ ਤੀਕ; ਉਕਤ ਚੌਂਕ ਨਾਲ ਚੱਲਦੇ ਹੋਏ ਮੁਹੱਲਾ ਜੱਟਾ ਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਕੈਠਾਂਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਜੱਟਾਂਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਘਟੀਕਾਵਾਲਾ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਮੁਹੱਲਾ ਕੁਚਬੰਦੇ ਅਤੇ ਤੇਪਲਾ ਰੇਡ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 08 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਥਾਣਾ ਰੋਡ ਅਤੇ ਬਾਬਾ ਬੰਦਾ ਬਹਾਦਰ ਕਲੋਨੀ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਬੰਦਾ ਬਹਾਦਰ ਕਲੋਨੀ ਦੇ ਮਿਲਣ ਦੇ ਅਸਥਾਨ ਤੋ ਆਰੰਭ ਕਰਕੇ ਗੋਇਲ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਸਲ ਦੀ ਦੱਖਣੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਕਰਾਫਟ ਪਾ.ਲਿਮ. ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੀਰਾ ਸ਼ਾਹ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੀਰਾ ਸ਼ਾਹ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਥਾਣਾ ਰੋਡ ਅਤੇ ਬਾਬਾ ਬੰਦਾ ਬਹਾਦਰ ਕਲੋਨੀ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 9 (ਅਨੁਸੂਚਿਤ ਜਾਤੀ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਅਨਾਜ ਮੰਡੀ ਰੋਡ ਅਤੇ ਗੁਰੂਨਾਨਕ ਕਲੋਨੀ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਦੇ ਹੋਏ ਗੁਰੂਨਾਨਕ ਕਲੋਨੀ ਨਾਲ ਚੱਲਦੇ ਹੋਏ ਬੰਦ ਗਲੀ ਨੰ 4 (20 ਫੁੱਟ) ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਖੇਤੀ ਬਾੜੀ ਵਾਲੀ ਜਮੀਨ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਕੱਚੇ ਰਸਤੇ ਤੀਕ; ਉਕਤ ਰੱਸਤੇ ਨਾਲ ਚੱਲਦੇ ਹੋਏ 20 ਫੁਟ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਥਾਣਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮੀਰਾ ਸ਼ਾਹ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਮਿਰਾ ਸ਼ਾਹ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗਲੀ ਮੀਰਾ ਸ਼ਾਹ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਸ਼ਰਾਬ ਫੈਕਟਰੀ ਤੀਕ; ਉਕਤ ਫੈਕਟਰੀ ਨਾਲ ਚੱਲਦੇ ਹੋਏ ਥਾਣਾ ਰੋਡ ਨੂੰ ਪਾਰ ਕਰਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੁਰਾਣੀ ਹੱਦ ਨੂੰ ਪਾਰ ਕਰਦੇ ਹੋਏ ਨਗਰ ਕੌਂਸਲ ਦੀ ਨਵੀਂ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੁਰਾਣੀ ਪੱਛਮੀ ਹੱਦ ਤੀਕ; ਉਕਤ ਪੁਰਾਣੀ ਹੱਦ ਨਾਲ ਚੱਲਦੇ ਹੋਏ ਅਨਾਜ ਮੰਡੀ ਤੀਕ; ਉਕਤ ਅਨਾਜ ਮੰਡੀ ਨਾਲ ਚੱਲਦੇ ਹੋਏ ਰਸਤਾ ਖਤੀਬਾੜੀ ਜਮੀਨ ਤੀਕ; ਉਕਤ ਰਸਤੇ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਲਿੰਕ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਬੰਦੇਆ ਬਾਸੀ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਅਨਾਜ ਮੰਡੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਅਨਾਜ ਮੰਡੀ ਰੋਡ ਤੀਕ; ਉਕਤ ਰੋਡ ਨਾਲ ਚੱਦਲੇ ਹੋਏ ਅਨਾਜ ਮੰਡੀ ਰੋਡ ਅਤੇ ਗੁਰੂਨਾਨਕ ਕਲੋਨੀ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 10 (ਪਛੱੜੀਆਂ ਸ਼ੇਣੀਆਂ ਰਾਖਵਾਂ)

ਅਨਾਜਮੰਡੀ ਰੋਡ ਅਤੇ ਰਾਜਪੁਰਾ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰਭ ਕਰਦੇ ਹੋਏ ਗੁਰਦਵਾਰਾ ਬਾਬਾ ਬੰਦਾ ਬਹਾਦਰ ਸਾਹਿਬ ਤੀਕ; ਉਕਤ ਗੁਰਦਵਾਰਾ ਸਾਹਿਬ ਰੋਡ ਨਾਲ ਚੱਲਦੇ ਹੋਏ ਕਲੋਨੀ ਬਾਬਾ ਬੰਦਾ ਬਹਾਦਰ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਲਿੰਕ ਗਲੀ ਬਾਬਾ ਬੰਦਾ ਬਹਾਦਰ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਗਲੀ ਟਰੱਕ ਯੂਨੀਅਨ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਗੋਇਲ ਕਲੋਨੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਬਾਬਾ ਬੰਦਾ ਸਿੰਘ ਬਹਾਦਰ ਜੀ ਵਾਲੀ ਤੀਕ; ਉਕਤ ਯੂਨੀਅਨ ਨਾਲ ਚੱਲਦੇ ਹੋਏ ਥਾਣਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ 20 ਫੁਟ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ 20 ਫੁਟ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਕੱਚੇ ਰਸਤੇ ਤੀਕ; ਉਕਤ ਰਸਤੇ ਨਾਲ ਚੱਲਦੇ ਹੋਏ ਲਿੰਕ ਬੰਦ ਗਲੀ ਤੀਕ; ਉਕਤ ਬੰਦ ਗਲੀ ਨਾਲ ਚੱਲਦੇ ਹੋਏ ਗਲੀ ਨੰ 4 (20 ਫੁਟ) ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗੁਰੂਨਾਨਕ ਕਲੋਨੀ ਤੀਕ; ਉਕਤ ਕਲੋਨੀ ਨਾਲ ਚੱਲਦੇ ਹੋਏ ਅਨਾਜ ਮੰਡੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਅਨਾਜਮੰਡੀ ਰੋਡ ਅਤੇ ਰਾਜਪੁਰਾ ਰੋਡ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 11 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਗਲੀ ਬੀਬੀ ਮਹੱਲਾ ਅਤੇ ਰਾਜਪੁਰਾ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਰਾਜਪੁਰਾ ਰੋਡ ਨਾਲ ਚੱਲਦੇ ਹੋਏ ਅਨਾਜ ਮੰਡੀ ਰੋਡ ਤੀਕ; ਉਕਤ ਅਨਾਜ ਮੰਡੀ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੱਲਾ ਗਾਡਰੀਆਂਵਾਲਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਿਗਲੀ ਗੜ੍ਹ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬੀਬੀ ਮੁਹੱਲਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਹਵੇਲੀ ਬੱਸੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੀਬੀ ਮਹੱਲਾ ਅਤੇ ਰਾਜਪੁਰਾ ਰੋਡ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 12

ਲਿੰਕ ਗਲੀ ਅਤੇ ਗਲੀ ਹਵੇਲੀ ਬੱਸੀ ਦੇ ਮਿਲਣ ਦੇ ਅਸਥਾਨ ਤੋ ਗਲੀ ਹਵੇਲੀ ਬੱਸੀ ਤੋਂ ਅਰੰਭ ਕਰਕੇ ਨਾਲ ਚੱਲਦੇ ਹੋਏ ਗਲੀ ਹਵੇਲੀ ਬੱਸੀ ਤੋਂ ਚੱਲਦੇ ਹੋਏ ਮੁਹੱਲਾ ਹਵੇਲੀ ਬੱਸੀ ਤੀਕ; ਉਕਤ ਮੁਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੀਕਲੀਗਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਮੁਹੱਲਾ ਗਡਰੀਆਂ ਵਾਲਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਅਨਾਜ ਮੰਡੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਅਨਾਜ ਮੰਡੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਬੰਦੀਆ ਬੱਸੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਹਵੇਲੀ ਬੱਸੀ ਰੋਡ ਤੀਕ;

ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਅਤੇ ਗਲੀ ਹਵੇਲੀ ਬੱਸੀ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 13 (ਇਸਤਰੀ ਮੈਂਬਰਾਂ ਲਈ ਰਾਖਵਾਂ)

ਲਾਡਰਾਂ ਰੋਡ ਅਤੇ ਬੈਰਿਅਰ ਚੌਂਕ ਦੇ ਮਿਲਣ ਦੇ ਅਸਥਾਨ ਤੋਂ ਆਰਭ ਕਰਕੇ ਬੈਰਿਅਰ ਚੌਂਕ ਤੋ ਆਰੰਭ ਕਰਕੇ ਰਾਜਪੁਰਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਬੀਬੀਆ ਮੁਹੱਲਾ ਤੀਕ; ਉਕਤ ਮਹੱਲਾ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਹਵੇਲੀ ਬੱਸੀ ਤੀਕ; ਉਕਤ ਹਵੇਲੀ ਬੱਸੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਨਮੋਲ ਸਿਟੀ ਤੀਕ; ਉਕਤ ਅਨਮੋਲ ਸਿਟੀ ਨਾਲ ਚੱਲਦੇ ਹੋਏ ਹਵੇਲੀ ਬੱਸੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਲਾਡਰਾਂ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਾਡਰਾਂ ਰੋਡ ਅਤੇ ਬੈਰਿਅਰ ਚੌਂਕ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ,

ਸਕੱਤਰ, ਪੰਜਾਬ ਸਰਕਾਰ

ਮਿਤੀ 31 ਦਸੰਬਰ, 2025

ਸਥਾਨਕ ਸਰਕਾਰ ਵਿਭਾਗ

3598/12-2025/Pb. Govt. Press, S.A.S. Nagar